# "ਡਿਵੈਲਪਮੈਂਟ" ਦੇ ਬਹਾਨੇ ਲੋਕਾਂ ਨੂੰ ਗੁਲਾਮ ਬਣਾਈ ਰੱਖਣਾ ਬਸਤੀਵਾਦ ਅਤੇ ਸਾਮਰਾਜ ਦਾ ਹਥਿਆਰ

18ਵੀ ਅਤੇ 19ਵੀਂ ਸਦੀ ਵਿਚ ਬਸਤੀਵਾਦੀ ਤਾਕਤਾਂ ਅਤੇ ਉਨ੍ਹਾਂ ਦੇ ਪੈਰੋਕਾਰਾਂ ਨੇ ਏਸ਼ੀਆ, ਅਫ਼ਰੀਕਾ, ਲਾਤੀਨੀ ਅਮਰੀਕਾ ਅਤੇ ਹੋਰ ਮੁਲਕਾਂ ਦੇ ਜੱਦੀ ਲੋਕਾਂ ਨੂੰ ਗੁਲਾਮ ਬਣਾਉਣ ਅਤੇ ਗੁਲਾਮ ਕਰੀ ਰੱਖਣ ਲਈ ਕਈ ਵਿਚਾਰਧਾਰਕ ਹਥਿਆਰ ਘੜੇ ਜਿਨ੍ਹਾਂ ਵਿਚ ਇਕ ਹਥਿਆਰ ਇਹ ਪ੍ਰਚਾਰ ਵੀ ਸੀ ਕਿ ਇਹ ਲੋਕ ਅਜੇ ਡਿਵੈਲਪ ਨਹੀਂ ਹੋਏ, ਇਨ੍ਹਾਂ ਨੂੰ ਡਿਵੈਲਪਮੈਂਟ ਦੀ ਲੋੜ ਹੈ। ਇਸ ਸੋਚ ਦੇ ਮੁਦਈਆਂ ਦੇ ਕਹਿਣ ਅਨੁਸਾਰ ਯੂਰਪ ਤਾਂ ਡਿਵੈਲਪ ਹੋ ਚੁੱਕਿਆ ਸੀ ਪਰ ਅਫ਼ਰੀਕਾ, ਏਸ਼ੀਆ, ਲਾਤੀਨੀ ਅਮਰੀਕਾ ਅਤੇ ਹੋਰ ਪਛੜੇ ਹੋਏ ਲੋਕਾਂ ਨੂੰ ਉਸ ਪੱਧਰ ਤੇ ਲਿਆਉਣ ਦੀ ਲੋੜ ਸੀ ਜਿਥੇ ਯੂਰਪ ਪਹੁੰਚ ਚੁੱਕਿਆ ਹੈ। ਯੂਰਪੀਅਨ ਡੀਵੈਲਪਮੈਂਟ ਦੇ ਲਾਭ ਇਨ੍ਹਾਂ ਲੋਕਾਂ ਤੱਕ ਪਹੁੰਚਾਉਣ ਦੇ ਬਹਾਨੇ ਹੇਠ ਇਹ ਬਸਤੀਵਾਦੀ ਰਾਜ ਅਤੇ ਇਹਦੇ ਅਦਾਰਿਆਂ ਨੂੰ ਜਾਇਜ਼ ਠਹਿਰਾਉਂਦੇ ਸਨ। ਉਹ ਕਹਿੰਦੇ ਸਨ ਕਿ ਇਹ ਗੁਲਾਮ ਕੀਤੇ ਹੋਏ ਇਹ ਜੱਦੀ ਲੋਕ ਯੂਰਪੀਨ ਡੀਵੈਲਪਮੈਂਟ ਤੱਕ ਪਹੁੰਚਣਾ ਤਾਂ ਚਾਹੁੰਦੇ ਹਨ ਪਰ ਇਹ ਕੰਮ ਇਹ ਆਪ ਨਹੀਂ ਕਰ ਸਕਦੇ। ਡੀਵੈਲਪਮੈਂਟ ਲਈ ਹਾਲੇ ਇਨ੍ਹਾਂ ਨੂੰ ਬਸਤੀਵਾਦ ਅਤੇ ਸਾਮਰਾਜ ਦੀ ਛਤਰ ਛਾਇਆ ਦੀ ਅਤੇ ਇਹਦੇ ਕਾਇਮ ਕੀਤੇ ਹੋਏ ਯੂਰਪੀਅਨ ਅਦਾਰਿਆਂ ਦੀ ਲੋੜ ਹੈ।

ਇਸੇ ਨਜ਼ਰੀਏ ਦੀ ਵਕਾਲਤ ਕਰਦੇ ਹੋਏ ਜੌਨ ਸਟੂਅਰਟ ਮਿਲ ਨੇ ਕਿਹਾ ਕਿ ਹਿੰਦੁਸਤਾਨ ਅਤੇ ਅਫ਼ਰੀਕਾ ਦੇ ਲੋਕ ਅਜੇ ਉਸ ਪੜਾਅ ਤੇ ਨਹੀਂ ਪਹੁੰਚੇ ਕਿ ਉਹ ਆਪਣੇ ਮਸਲੇ ਹੱਲ ਕਰ ਸਕਣ। ਉਹ ਅਜੇ ਆਪ ਰਾਜ-ਕਾਜ ਨਹੀਂ ਚਲਾ ਸਕਦੇ ਅਤੇ ਖ਼ੁਦਮੁਖ਼ਤਾਰ ਨਹੀਂ ਹੋ ਸਕਦੇ ਅਤੇ ਇਸ ਕਾਬਲ ਹੋਣ ਲਈ ਉਨ੍ਹਾਂ ਨੂੰ ਯੂਰਪੀਅਨ ਬਸਤੀਵਾਦ ਦੇ ਆਸਰੇ ਲੋੜ ਹੈ। ਬਸਤੀਵਾਦ ਦੇ ਹੋਰ ਪੈਰੋਕਾਰਾਂ ਨੇ ਵੀ ਇਹ ਦਲੀਲ ਦਿਤੀ ਕੀ ਇਹ ਲੋਕ ਕਿਉਂਕਿ ਯੂਰਪੀਅਨ ਤਰਜ਼ ਦੀ ਡਿਵੈਲਪਮੈਂਟ ਵੱਲ ਜਾ ਰਹੇ ਹਨ ਇਸ ਲਈ ਉਨ੍ਹਾਂ ਨੂੰ ਆਪਣੇ ਇਤਿਹਾਸ, ਆਪਣੇ ਸਭਿਆਚਾਰ, ਆਪਣੀ ਸੂਝ, ਆਪਣੀ ਬੋਲੀ ਅਤੇ ਆਪਣੇ ਦਰਸ਼ਨ ਦੀ ਕੋਈ ਲੋੜ ਨਹੀਂ ਬਲਕਿ ਇਹ ਚੀਜ਼ਾਂ ਉਨ੍ਹਾਂ ਦੀ ਤਰੱਕੀ ਵਿਚ ਵਿਘਨ ਪਾਉਂਦੀਆਂ ਹਨ ਅਤੇ ਅੜਿੱਕਾ ਬਣਦੀਆਂ ਹਨ।

ਸਾਮਰਾਜ ਦੀਆਂ ਝੋਲੀ ਚੁਕ ਹਿੰਦੁਸਤਾਨੀ ਹਾਕਮ ਜਮਾਤਾਂ ਨੇ ਵੀ ਆਪਣੇ ਮੁਫ਼ਾਦ ਖ਼ਾਤਰ ਇਹੋ ਵਿਚਾਰਧਾਰਾ ਅਪਣਾ ਲਈ ਅਤੇ ਇਹ ਗੱਲ ਲੈ ਤੁਰੇ ਕਿ ਡਿਵੈਲਪਮੈਂਟ ਦੀ ਲੋੜ ਹੈ ਅਤੇ ਉਹ ਅਜੇ ਉਥੇ ਨਹੀਂ ਅੱਪੜੇ ਜਿਥੇ ਯੂਰਪ ਪਹੁੰਚ ਚੁੱਕਿਆ ਹੈ। ਇਸ ਡਿਵੈਲਪਮੈਂਟ ਦਾ ਅਸਲ ਮਤਲਬ ਇਹ ਸੀ ਕਿ ਹਾਕਮ ਜਮਾਤਾਂ ਨੂੰ ਆਪਣੇ ਵੱਧ ਤੋਂ ਵੱਧ ਮੁਨਾਫ਼ਿਆਂ ਲਈ ਮੁਲਕਾਂ, ਲੋਕਾਂ, ਕੌਮਾਂ ਅਤੇ ਕਬੀਲਿਆਂ ਦੇ ਸਾਰੇ ਸਾਧਨਾਂ ਨੂੰ ਇਸਤੇਮਾਲ ਕਰਨ ਅਤੇ ਲੁੱਟਣ ਦੀ ਪੂਰੀ ਪੂਰੀ ਖੁਲ੍ਹ ਹੋਵੇ। ਯੂਰਪ ਵਿਚ ਸਰਮਾਏਦਾਰਾਂ ਨੇ ਮੁਲਕਾਂ ਅਤੇ ਕੌਮਾਂ ਦੇ ਸਾਧਨ ਇਸੇ ਤਰਾਂ ਹੀ ਰਾਜ ਤੰਤ੍ਰ ਰਾਹੀਂ ਆਪਣੇ ਹੱਥ ਵਿਚ ਕੀਤੇ ਸੀ। ਇਹੋ ਢੰਗ ਉਨ੍ਹਾਂ ਨੇ ਆਪਣੇ ਗੁਲਾਮ ਮੁਲਕਾਂ ਵਿਚ ਵਰਤਣਾ ਸ਼ੁਰੂ ਕੀਤਾ। ਪੰਜਾਬ ਉੱਤੇ ਆਪਣਾ ਕਬਜ਼ਾ ਕਰਕੇ ਅੰਗਰੇਜ਼ਾਂ ਨੇ ਨਹਿਰਾਂ ਦਾ ਜਾਲ ਵਿਛਾਇਆ ਅਤੇ ਇਸ ਰਾਹੀਂ ਉਨ੍ਹਾਂ ਨੇ ਬੇਤਹਾਸ਼ਾ ਦੌਲਤ ਲੁੱਟੀ ਅਤੇ ਇਨ੍ਹਾਂ ਇਲਾਕਿਆਂ ਦੇ ਜੱਦੀ ਲੋਕਾਂ ਨੂੰ ਤਬਾਹ ਕੀਤਾ ਪਰ ਕਹਿੰਦੇ ਇਹ ਰਹੇ ਕਿ ਪੰਜਾਬ ਵਿਚ ਸਿੰਜਾਈ ਦਾ ਬੰਦੋਬਸਤ ਕਰਕੇ ਅਸੀਂ ਪੰਜਾਬ ਦੀ ਖੇਤੀ ਦੀ ਡੀਵੈਲਪਮੈਂਟ ਕਰ ਰਹੇ ਹਾਂ

ਡੀਵੈਲਪਮੈਂਟ ਦੀ ਇਸ ਪ੍ਰੀਭਾਸ਼ਾ ਅਤੇ ਵਿਚਾਰਧਾਰਾ ਨੂੰ ਹਿੰਦੁਸਤਾਨ ਦੀਆਂ ਸਾਰੀਆਂ ਹੀ ਸਿਆਸੀ ਪਾਰਟੀਆਂ ਕਬੂਲ ਕਰ ਗਈਆਂ। ਉਹ ਬਸਤੀਵਾਦੀ ਵਿਚਾਰਧਾਰਾ ਅਤੇ ਯੂਰਪੀਅਨ ਨਜ਼ਰੀਏ ਦੇ ਕਾਇਲ ਸਨ। ਕਾਂਗਰਸ, ਮੁਸਲਮ ਲੀਗ, ਸੀ.ਪੀ.ਆਈ, ਸੀ.ਪੀ.ਐਮ, ਬੀ.ਜੇ.ਪੀ. ਅਤੇ ਹੋਰਨਾਂ ਛੋਟੀਆਂ ਵੱਡੀਆਂ ਪਾਰਟੀਆਂ ਨੇ ਇਸੇ ਵਿਚਾਰਧਾਰਾ ਨੂੰ ਆਪਣਾ ਆਧਾਰ ਬਣਾਇਆ। 1947 ਵਿਚ ਆਜ਼ਾਦੀ ਦੇ ਬਾਅਦ ਦੀਆਂ ਸਾਰੀਆਂ ਹੀ ਸਰਕਾਰਾਂ ਨੇ ਵੀ ਇਸੇ ਪਾਸੇ ਤੁਰਨ ਦਾ ਰਾਹ ਫੜਿਆ। ਵਾਜਪਾਈ ਦੀ ਪਿਛਲੀ ਸਰਕਾਰ ਅਤੇ ਮਨਮੋਹਨ ਸਿੰਘ ਦੀ ਯੂ.ਪੀ.ਏ ਸਰਕਾਰ ਦਾ ਵੀ ਇਹੋ ਮੰਤ੍ਰ ਹੈ ਕਿ ਉਹ ਮੁਲਕ ਨੂੰ ਡਿਵੈਲਪ ਕਰਨਾ ਚਾਹੁੰਦੇ ਹਨ। ਪੱਛਮੀ ਬੰਗਾਲ ਵਿਚ ਸੀ.ਪੀ.ਐਮ.ਦੀ ਸਰਕਾਰ ਦਾ ਵੀ ਇਹੋ ਨਾਅਰਾ ਹੈ।

ਡਿਵੈਲਪਮੈਂਟ ਦੇ ਇਸੇ ਮੰਤ੍ਰ ਦਾ ਜਾਪ ਕਰਦੇ ਹੋਏ ਹਾਕਮ ਜਮਾਤਾਂ ਅਤੇ ਉਨ੍ਹਾਂ ਦਾ ਰਾਜ ਤੰਤ੍ਰ ਅਤੇ ਹੋਰ ਅਦਾਰੇ ਵੀ ਬਸਤੀਵਾਦੀਆਂ ਵਾਂਗ ਹੀ ਹਿੰਦੁਸਤਾਨ ਦੇ ਲੋਕਾਂ ਦੀਆਂ ਲੋੜਾਂ, ਉਨ੍ਹਾਂ ਦੇ ਵਿਰਸੇ, ਬੋਲੀ, ਸਭਿਆਚਾਰ ਅਤੇ ਦਰਸ਼ਨ ਨੂੰ ਨਕਾਰਦੇ ਹਨ। ਉਹ ਕਹਿੰਦੇ ਹਨ ਕਿ ਲੋਕ ਅਜੇ ਡਿਵੈਲਪ ਨਹੀਂ ਹੋਏ ਅਤੇ ਇਸ ਕਾਬਲ ਨਹੀਂ ਕਿ ਆਪਣੇ ਫੈਸਲੇ ਆਪ ਕਰਨ। ਪਹਿਲਾਂ ਉਨ੍ਹਾਂ ਨੂੰ ਡਿਵੈਲਪ ਕਰਨ ਦੀ ਲੋੜ ਹੈ। ਹਿੰਦੁਸਤਾਨ ਦੇ ਕੁਦਰਤੀ ਸੋਮਿਆਂ ਬਾਰੇ ਕਹਿੰਦੇ ਹਨ ਕਿ ਉਹ ਵੀ ਅਜੇ ਡਿਵੈਲਪਡ ਨਹੀਂ ਉਨ੍ਹਾਂ ਨੂੰ ਡਿਵੈਲਪ ਕਰਨ ਦੀ ਲੋੜ ਹੈ। ਉਹ ਕਹਿੰਦੇ ਕਿ ਸਾਡੇ ਲੋਕਾਂ ਨੂੰ ਹਾਲੇ ਪਤਾ ਨਹੀਂ ਕਿ ਕੁਦਰਤੀ ਸਾਧਨਾ ਨੂੰ ਕਿਸ ਤਰਾਂ ਡਿਵੈਲਪ ਕਰਨਾ ਹੈ ਇਸ ਲਈ ਆਲਮੀ

ਬੈਂਕ ਅਤੇ ਆਈ.ਐਮ.ਐਫ. ਦੀ ਮਦਦ ਦੀ ਲੋੜ ਹੈ ਅਤੇ ਇਨ੍ਹਾਂ ਤੋਂ ਬਗੈਰ ਕਿਉਂਕਿ ਡੀਵੈਲਪਮੈਂਟ ਨਹੀਂ ਹੋ ਸਕਦੀ ਇਸ ਲਈ ਇਨ੍ਹਾਂ ਆਲਮੀ ਅਦਾਰਿਆਂ ਦੀਆਂ ਸ਼ਰਤਾਂ ਮੰਨਣਾ ਇਕ ਮਜਬੂਰੀ ਬਣ ਗਈ ਹੈ।

ਪਹਿਲਾਂ ਵੀ ਇਸੇ ਤਰ੍ਹਾਂ ਹੀ ਡਿਵੈਲਪਮੈਂਟ ਦੇ ਨਾਅਰੇ ਹੇਠ ਬਸਤੀਵਾਦ ਅਤੇ ਸਾਮਰਾਜ ਲੋਕਾਂ ਦੇ ਕੁਦਰਤੀ ਸਾਧਨਾਂ ਅਤੇ ਉਨ੍ਹਾਂ ਦੀ ਮਿਹਨਤ ਦੀ ਲੁੱਟ ਕਰਦੇ ਰਹੇ ਹਨ ਅਤੇ ਹਿੰਦੁਸਤਾਨ ਦੀਆਂ ਹਾਕਮ ਜਮਾਤਾਂ ਵੀ ਉਨ੍ਹਾਂ ਦੇ ਨਾਲ ਰਲ ਕੇ ਆਪਣੇ ਖ਼ਜ਼ਾਨੇ ਭਰਦੀਆਂ ਰਹੀਆਂ ਹਨ ਅਤੇ ਭਰ ਰਹੀਆਂ ਹਨ। ਅਫ਼ਗਾਨਿਸਤਾਨ ਅਤੇ ਇਰਾਕ ਉਪਰ ਅਮਰੀਕਾ ਦੇ ਕਬਜ਼ੇ ਨੂੰ ਬੁਸ਼ ਅਤੇ ਬਲੇਅਰ ਵੀ ਇਸੇ ਦਲੀਲ ਨਾਲ ਸਹੀ ਕਰਾਰ ਦੇ ਰਹੇ ਹਨ। ਲੋਕਾਂ ਦੇ ਕੁਦਰਤੀ ਸਾਧਨਾਂ ਨੂੰ ਹਥਿਆਉਣ ਲਈ ਹਿੰਦੁਸਤਾਨ ਦੀਆਂ ਹਾਕਮ ਜਮਾਤਾਂ ਵੀ ਇਹੋ ਦਲੀਲ ਦਿੰਦੀਆਂ ਹਨ। ਨਰਬਦਾ ਘਾਟੀ ਦੇ ਲੋਕਾਂ ਤੋਂ ਉਨ੍ਹਾਂ ਦੇ ਕੁਦਰਤੀ ਸੋਮੇ ਖੋਹਣ ਲਈ ਵੀ ਇਹੋ ਮੰਤ੍ਰ ਇਸਤੇਮਾਲ ਕੀਤਾ ਜਾ ਰਿਹਾ ਹੈ। ਪੰਜਾਬ ਦੇ ਪਾਣੀਆਂ ਅਤੇ ਹੋਰ ਕੁਦਰਤੀ ਖ਼ਜ਼ਾਨਿਆਂ ਨੂੰ ਲੁੱਟਣ ਲਈ ਸਰਕਾਰ ਦੀ ਇਹ ਦਲੀਲ ਹੈ ਕਿ ਉਹ ਇਨ੍ਹਾਂ ਸੋਮਿਆਂ ਨੂੰ ਡਿਵੈਲਪ ਕਰ ਰਹੀ ਹੈ ਜੋ ਕਿ ਲੋਕ ਖੁਦ ਕਰ ਨਹੀਂ ਸਕਦੇ।

ਬਸਤੀਵਾਦ ਖ਼ਿਲਾਫ਼ ਲੋਕਾਂ ਦੀ ਜੱਦੋ-ਜਹਿਦ ਦੀ ਲਹਿਰ ਵਿਚ ਵੀ ਇਸ ਵਿਚਾਰਧਾਰਾ ਨੇ ਲੋਕਾਂ ਨੂੰ ਕੁਰਾਹੇ ਪਾਉਣ ਦਾ ਹੀ ਕੰਮ ਕੀਤਾ ਅਤੇ ਕਰ ਰਹੀ ਹੈ। ਮਿਸਾਲ ਦੇ ਤੌਰ ਤੇ ਆਜ਼ਾਦੀ ਦੀ ਜੱਦੋ-ਜਹਿਦ ਦੌਰਾਨ ਕਾਂਗਰਸ ਦੇ ਆਗੂਆਂ ਨੇ ਕਿਹਾ ਕਿ ਹਿੰਦੁਸਤਾਨ ਦੇ ਲੋਕ ਅਜੇ ਆਪ ਰਾਜ ਕਾਜ ਚਲਾਉਣ ਦੇ ਕਾਬਲ ਨਹੀਂ। 1930 ਤੱਕ ਤਾਂ ਕਾਂਗਰਸ ਨੇ ਹਾਲੇ ਆਜ਼ਾਦੀ ਦੀ ਗੱਲ ਹੀ ਨਹੀਂ ਸੀ ਕੀਤੀ। ਇਸੇ ਤਰਾਂ ਅੱਜ ਇਹ ਕਿਹਾ ਜਾਂਦਾ ਹੈ ਕਿ ਆਮ ਲੋਕ ਆਪਣੇ ਮਸਲੇ ਹੱਲ ਨਹੀਂ ਕਰ ਸਕਦੇ, ਅਤੇ ਡਿਵੈਲਪਮੈਂਟ ਲਈ ਉਨ੍ਹਾਂ ਨੂੰ ਸਾਮਰਾਜੀਆਂ ਅਦਾਰਿਆਂ ਦੀ ਲੋੜ ਹੈ। ਸੀ.ਪੀ.ਐਮ. ਦੀ ਵੀ ਦਲੀਲ ਇਹੋ ਹੈ ਕਿ ਲੋਕਾਂ ਦੇ ਰਾਜ ਦਾ ਅਜੇ ਸਮਾਂ ਨਹੀਂ ਆਇਆ ਕਿਉਂਕਿ ਹਾਲੇ ਲੋਕ ਇਸ ਕਾਬਲ ਨਹੀਂ ਕਿ ਸਰਬ-ਉਚ ਤਾਕਤ ਆਪਣੇ ਹੱਥ ਵਿਚ ਲੈ ਲੈਣ। ਉਹ ਅਜੇ ਏਨੇ ਡੀਵੈਲਪ ਨਹੀਂ ਹੋਏ। ਅਜੇ ਉਨ੍ਹਾਂ ਨੂੰ ਹਾਕਮ ਜਮਾਤਾਂ ਅਤੇ ਸਾਮਰਾਜੀ ਅਦਾਰਿਆਂ ਨਾਲ ਮਿਲ ਕੇ ਡਿਵੈਲਪਮੈਂਟ ਦੀ ਲੋੜ ਹੈ।ਪੱਛਮੀ ਬੰਗਾਲ ਵਿਚ ਪਿਛਲੇ 27 ਸਾਲਾਂ ਤੋਂ ਉਹ ਇਹੋ ਮੰਤ੍ਰ ਲੋਕਾਂ ਨੂੰ ਪੜ੍ਹਾ ਰਹੇ ਹਨ। ਕਈ ਐਨ.ਜੀ.ਓ. (ਗੈਰ-ਸਰਕਾਰੀ ਸੰਸਥਾਵਾਂ) ਵੀ ਡਿਵੈਲਪਮੈਂਟ ਦੇ ਮੰਤ੍ਰ ਵਿਚ ਮੁਗਧ ਹੋ ਕੇ ਸਾਮਰਾਜ ਦਾ ਹੱਥ-ਠੋਕਾ ਬਣ ਜਾਂਦੀਆਂ ਹਨ। ਉਹ ਲੋਕਾਂ ਵਿਚ ਡਿਵੈਲਪਮੈਂਟ ਦੇ ਸਾਮਰਾਜੀ ਸਿਧਾਂਤ ਨੂੰ ਫੈਲਾ ਕੇ ਉਨ੍ਹਾਂ ਵਿਚ ਨਮੋਸ਼ੀ ਅਤੇ ਨਿਰਾਸ਼ਾਵਾਦ ਫੈਲਾਉਂਦੀਆਂ ਹਨ ਅਤੇ ਉਨ੍ਹਾਂ ਦੀ ਸੂਝ ਨੂੰ ਕੁਰਾਹੇ ਪਾਉਂਦੀਆਂ ਹਨ।

ਲੋਕਾਂ ਨੂੰ ਸਾਮਰਾਜ ਦੇ ਇਸ ਹਥਿਆਰ "ਡਿਵੈਲਪਮੈਂਟ" ਦੀ ਅਸਲੀਅਤ ਨੂੰ ਪਛਾਣ ਕੇ ਸਮਝਣਾ ਚਾਹੀਦਾ ਹੈ ਕਿ ਇਹ ਉਨ੍ਹਾਂ ਨੂੰ ਹੇਠਾਂ ਲਾ ਕੇ ਰੱਖਣ ਦਾ ਇਕ ਸਾਧਨ ਹੈ। ਲੋਕਾਂ ਨੂੰ ਆਪਣੀ ਸਰਬ-ਉਚ ਸ਼ਕਤੀ ਆਪਣੇ ਹੱਥ ਲੈ ਕੇ ਆਪਣੇ ਮਸਲੇ ਹੱਲ ਕਰਨ ਦੀ ਲੋੜ ਹੈ। ਅੱਜ ਸਮਾਜ ਵਿਚ ਸਾਰਿਆਂ ਨਾਲੋਂ ਅਹਿਮ ਮਸਲਾ ਇਹ ਹੈ ਕਿ ਜ਼ਾਤੀ ਹਿੱਤਾਂ, ਸਮੂਹਿਕ ਹਿਤਾਂ ਅਤੇ ਸਮਾਜੀ ਹਿਤਾਂ ਨੂੰ ਸੁਰ-ਮੇਲ ਕੀਤਾ ਜਾਵੇ ਅਤੇ ਸਭ ਦੇ ਸੁੱਖ ਅਤੇ ਰੱਖਿਆ ਦੀ ਜ਼ਾਮਨੀ ਦਿਤੀ ਜਾਵੇ। ਇਹਦੇ ਲਈ ਉਹ ਕਿਸ ਤਰਾਂ ਦੇ ਅਦਾਰੇ ਬਣਾਉਣ ਜਿਨ੍ਹਾਂ ਨਾਲ ਸਰਬੱਤ ਦਾ ਭਲਾ ਹੋਵੇ? ਉਹ ਕਿਸ ਤਰਾਂ ਦੀਆਂ ਜਥੇਬੰਦੀਆਂ ਬਣਾਉਣ ਜਿਨ੍ਹਾਂ ਨਾਲ ਉਨ੍ਹਾਂ ਦੀ ਸ਼ਕਤੀ ਵਧੇ? ਸਰਬ-ਉਚ ਤਾਕਤ ਨੂੰ ਆਪਣੇ ਹੱਥ ਲੈ ਕੇ ਸਿਰਫ਼ ਲੋਕ ਹੀ ਇਹ ਮਸਲਾ ਹੱਲ ਕਰ ਸਕਦੇ ਹਨ। ਕਿਸੇ ਸਾਮਰਾਜੀ ਡਿਵੈਲਪਮੈਂਟ ਨੇ ਉਨ੍ਹਾਂ ਦਾ ਕੁਝ ਨਹੀਂ ਸੁਆਰਨਾ। ਇਸ ਕਰਕੇ ਇਸ ਡਿਵੈਲਮੈਂਟ ਦੀ ਲੋੜ ਨਹੀਂ ਜਿਹਦੇ ਨਾਲ ਲੋਕਾਂ ਦੇ ਦੁਖ ਤਕਲੀਫ਼ਾਂ ਘਟਣ ਦੀ ਕੋਈ ਗੁੰਜਾਇਸ਼ ਨਹੀਂ ਹੈ। ਸਹੀ ਡੀਵੈਲਪਮੈਂਟ ਅਤੇ ਸਹੀ ਤਰੱਕੀ ਦੀ ਕੁੰਜੀ ਲੋਕਾਂ ਦੇ ਆਪਣੇ ਹੱਥ ਵਿਚ ਹੀ ਹੈ। ਲੋੜ ਇਸ ਚੀਜ਼ ਦੀ ਹੈ ਕਿ ਇਕ-ਮੁੱਠ ਹੋਕੇ ਆਪਣੇ ਹੱਕਾਂ ਨੂੰ ਹਾਸਲ ਅਤੇ ਮਹਿਫ਼ੂਜ਼ ਕਰਨ ਲਈ ਸੰਘਰਸ਼ ਤੇਜ਼ ਕੀਤਾ ਜਾਵੇ। ਕੁਦਰਤੀ ਸੋਮਿਆਂ ਅਤੇ ਮਨੁੱਖੀ ਮਿਹਨਤ ਨਾਲ ਦੌਲਤ ਅਤੇ ਵਸੀਲੇ ਪੈਦਾ ਕਰਕੇ ਲੋਕਾਂ ਨੂੰ ਦਰਪੇਸ਼ ਮਸਲੇ ਹੱਲ ਕਰਨ ਲਈ, ਆਪਣੀ ਖੁਸ਼ਹਾਲੀ ਅਤੇ ਤਰੱਕੀ ਲਈ, ਆਪਣੇ ਹੱਕਾਂ ਨੂੰ ਹਾਸਲ ਤੇ ਮਹਿਫ਼ੂਜ਼ ਬਣਾਉਣ ਲਈ, ਅਤੇ ਆਪਣੀ ਲੁਟ ਖ਼ਤਮ ਕਰਕੇ ਸਹੀ ਡੀਵੈਲਪਮੈਂਟ ਦੇ ਰਾਹ ਪੈਣ ਲਈ ਲੋਕਾਂ ਨੂੰ ਆਪਣੇ ਪੈਰਾਂ ਤੇ ਆਪ ਖੜਨ ਦੀ ਅਤੇ ਸਭ ਫੈਸਲੇ ਆਪਣੇ ਹੱਥਾਂ ਵਿਚ ਲੈਣ ਦੀ ਲੋੜ ਹੈ। ਸਾਮਰਾਜੀਆਂ ਅਤੇ ਹਿੰਦੁਸਤਾਨ ਦੀਆਂ ਹਾਕਮ ਜਮਾਤਾਂ ਦਾ "ਡਿਵੈਲਪਮੈਂਟ" ਦਾ ਮੰਤ੍ਰ ਤਾਂ ਸਿਰਫ਼ ਲੋਕਾਂ ਦੀ ਲੁਟ-ਖਸੁਟ ਬਰਕਰਾਰ ਰੱਖਣ ਲਈ ਹੀ ਹੈ। ਅਮਰੀਕਾ, ਯੂਰਪ, ਏਸ਼ੀਆ ਅਤੇ ਅਫ਼ਰੀਕਾ ਦਾ ਪਿਛਲੇ ਪੰਜ ਸੌ ਸਾਲਾਂ ਦਾ ਇਤਿਹਾਸ ਤਸਦੀਕ ਕਰਦਾ ਹੈ ਕਿ ਡਿਵੈਲਪਮੈਂਟ ਦਾ ਮੰਤ੍ਰ ਉਨ੍ਹਾਂ ਦੀ ਖੁਸ਼ਹਾਲੀ ਅਤੇ ਤਰੱਕੀ ਦਾ ਵਸੀਲਾ ਨਹੀਂ ਬਲਕਿ ਉਨ੍ਹਾਂ ਦੀ ਲੁਟ ਅਤੇ ਬਰਬਾਦੀ ਦਾ ਸਾਧਨ ਹੈ।